# ਇਕ ਜਾਣ ਪਛਾਣ

ਖ਼ੁਦਾ ਦੇ ਸੁਭਾਅ ਦੀ ਚਰਚਾ ਕਰਨ ਦੇ ਵੇਲੇ ਬਹੁਤ ਹੀ ਚੁਕੰਨੇ ਰਹਿਣ ਦੀ ਲੋੜ ਹੈ। ਪਹਿਲੀ ਗੱਲ, ਸਾਰੀ ਕੁਦਰਤ ਦੇ ਉੱਪਰ ਉਸ ਜੀਵ ਲਈ ''ਕੁਦਰਤ'' ਸ਼ਬਦ ਦੀ ਵਰਤੋਂ ਗ਼ਲਤ ਹੋ ਸਕਦੀ ਹੈ। ਖ਼ੁਦਾ ਦਾ ਅਪਰੰਪਾਰਤਾ[1] ਹਰ ਥਾਂ, ਖਾਸ਼ ਕਰ ਪਵਿੱਤਰ ਲਿਖਤ ਵਿਚ ਬਿਆਨ ਕੀਤਾ ਜਾਂਦਾ ਹੈ (ਉਦਾਹਰਣ ਲਈ ਯਹੋਸ਼ੁਆ 2:11)। ਇਸ ਲਈ ਕਿਹਾ ਜਾ ਸਕਦਾ ਹੈ ਕਿ ਖ਼ੁਦਾ ਕਿਸੇ ਵੀ ਤਰ੍ਹਾਂ ''ਕੁਦਰਤੀ'' ਨਹੀਂ ਹੈ ਅਰਥਾਤ ਉਹ ਕੁਦਰਤ ਤੋਂ ਉੱਪਰ ਹੈ। ਉਹ ਅਲੌਕਿਕ ਹੈ।

ਦੂਜੀ ਗੱਲ, ਜੋ ਕਿ ਅਜੀਬ (ਸੰਸਾਰ ਤੋਂ ਉੱਪਰ) ਅਤੇ ਅੰਤਰਯਾਮੀ (ਸੰਸਾਰ ਵਿਚ) ਵੀ ਹੈ, ਦੀ ਵਿਆਖਿਆ ਕਰਨ ਲਈ ਬਹੁਤੀ ਚੌਕਸੀ ਵਰਤਣ ਦੀ ਲੋੜ ਹੈ। ਕਿਸੇ ਜੀਵ ਲਈ ''ਇੱਥੇ'' ਜਾਂ ''ਉੱਥੇ'' ਹੋਣ ਦੀਆਂ ਦੋਵੇਂ ਗੱਲਾਂ ਮੁਸ਼ਕਿਲ ਹਨ ਪਰ ਰਸੂਲਾਂ ਦੇ ਕੰਮ 17:27 ਵਿਚ ਇਸ ਸਚਿਆਈ ਦਾ ਬਿਆਨ ਕੀਤਾ ਗਿਆ ਹੈ। ਕਈ ਸਾਲ ਪਹਿਲਾਂ ਸ਼ਾਇਦ ਇਸੇ ਤਰ੍ਹਾਂ ਦੇ ਵਿਚਾਰ ਤੋਂ ਪ੍ਰੇਰਣਾ ਲੈ ਕੇ ਜੇ. ਬੀ. ਫ਼ਿਲਿੱਪਸ ਨੂੰ ''*ਯੌਅਰ ਗੌਡ ਇਜ਼ ਟੂ ਸਮਾਲ*'' ਸਿਰਲੇਖ ਵਾਲੀ ਡੂੰਘੇ ਅਧਿਐਨ ਵਾਲੀ ਇਕ ਕਿਤਾਬ ਲਿਖਣ ਦੀ ਪ੍ਰੇਰਣਾ ਮਿਲੀ ਸੀ।[2] ਬਿਨਾ ਮਦਦ ਦੇ ਖ਼ੁਦਾ ਨੂੰ ਪੂਰੀ ਤਰ੍ਹਾਂ ਸਮਝਣ ਦੀ ਗੱਲ ਸਾਡੇ ਲਈ ਨਾਮੁਮਕਿਨ ਹੈ। ਖ਼ੁਦਾ ਦੇ ਸੁਭਾਅ ਨੂੰ ਗੰਭੀਰਤਾ ਨਾਲ ਸਮਝਣ ਲਈ ਇਨਸਾਨ ਨੂੰ ਹਲੀਮ ਬਣਨ ਦੀ ਲੋੜ ਹੈ। ਸਾਡੀਆਂ ਵੱਡੀਆਂ ਤੋਂ ਵੱਡੀਆਂ ਪੂਰਵ-ਧਾਰਣਾਵਾਂ ਵੀ ਖ਼ੁਦਾ ਦੀ ਉਚਾਈ, ਲੰਬਾਈ, ਡੂੰਘਿਆਈ ਅਤੇ ਚੌੜਾਈ ਨੂੰ ਨਹੀਂ ਸਮਝ ਸਕਦੀਆਂ (1 ਤਿਮੋਥਿਉਸ 6:16; 1 ਯੂਹੰਨਾ 4:12)।

ਤੀਜੀ ਗੱਲ ਖ਼ੁਦਾ ਨੂੰ ਸਮਝਣ ਦੀ ਕੋਸ਼ਿਸ਼ ਕਰਨਾ ਸਾਡੀ ਜ਼ਿੰਦਗੀ ਦੀ ਸਭ ਤੋਂ ਵੱਡੀ ਚੁਣੌਤੀ ਹੈ। ਖ਼ੁਦਾ ਬਾਰੇ ਸੋਚਣ ਵਾਲਾ ਕੋਈ ਵੀ ਇਨਸਾਨ ਉਸ ਤੇ ਸੀਮਿਤ ਰੂਪ ਵਿਚ ਵਿਚਾਰ ਕਰਦਾ ਹੈ। ਜਦ ਅਸੀਂ ਇਕੱਲੇ ਸਘੰਰਸ਼ ਕਰਦੇ ਹਾਂ, ਤਾਂ ਸੁਭਾਵਿਕ ਹੀ ਅਹਿਸਾਸ ਹੁੰਦਾ ਹੈ ਅਸੀਂ ਅਜਿਹਾ ਸਘੰਰਸ਼ ਕਰ ਰਹੇ ਹਾਂ ਜਿਸ ਨੂੰ ਜਿੱਤਿਆ ਨਹੀਂ ਜਾ ਸਕਦਾ। ਬਾਈਬਲ ਨੂੰ ਪੜ੍ਹਨ ਵਾਲਾ ਹਰ ਬੰਦਾ ਜਾਣਦਾ ਹੈ ਕਿ ਪਵਿੱਤਰ ਲਿਖਤ ਇਸਦੀ ਤਸਦੀਕ ਕਰਦੀ ਹੈ (ਵੇਖੋ ਯਸਾਯਾਹ 55:8, 9)।

ਫਿਰ ਸਾਨੂੰ ਕੀ ਕਰਨਾ ਚਾਹੀਦਾ ਹੈ? ਆਪਣੀਆਂ ਜ਼ਾਤੀ ਹੱਦਾਂ ਅਤੇ ਕਮੀਆਂ ਨੂੰ ਜਾਣ ਕੇ ਅਸੀਂ ਹਲੀਮ ਹੋਣ ਲਗਦੇ ਹਾਂ! ਅਸੀਂ ਆਪਣੇ ਨਾਲ ਹੋਰ ਵਸੀਲੀਆਂ ਦੀ ਵਰਤੋਂ ਕਰਦੇ ਹੋਏ ਬੇਚੈਨੀ ਨਾਲ ਬਹਿਸ ਕਰਨ ਦੇ ਖ਼ੁਦਾਈ ਸੱਦੇ ਨੂੰ ਮੰਨ ਲੈਂਦੇ ਹਾਂ (ਯਸਾਯਾਹ 1:18)। ਇਸ ਲੜੀ ਦੇ ਪਹਿਲੇ ਭਾਗ ਵਿਚ, ਅਸੀਂ ਖ਼ੁਦਾ ਦੇ ਸੁਭਾਅ, ਸਾਡੇ ਨਾਲ ਉਸਦੇ ਰਿਸ਼ਤੇ ਬਾਰੇ ਅਤੇ ਅਸੀਂ ਉਸ ਨਾਲ ਕਿਹੜਾ ਰਿਸ਼ਤਾ ਰੱਖਦੇ ਹਾਂ ਵਰਗੀਆਂ ਗੱਲਾਂ ਦਾ ਅਧਿਐਨ ਕਰਾਂਗੇ। ਇਕ ਹੋਰ ਰੋਮਾਂਚਕਾਰੀ ਸੰਸਾਰਿਕ ਕੰਮ ਹੋਣਾ ਚਾਹੀਦਾ ਹੈ ਜਿਸ ਲਈ ਸਾਡੇ ਸਾਂਝੀਆਂ ਕੋਸ਼ਿਸ਼ਾਂ ਹੋਣੀਆਂ ਜ਼ਰੂਰੀ ਹਨ।

---

ਟਿੱਪਣੀਆਂ

[1]ਖ਼ੁਦਾ ਕੁਦਰਤ ਦੀਆਂ ਹੱਦਾਂ ''ਤੋਂ ਉੱਪਰ'' ਜਾਂ ''ਪਾਰ ਕਰ ਜਾਂਦਾ ਹੈ।'' [2]ਜੇ. ਬੀ. ਫ਼ਿਲਿੱਪਸ, *ਯੌਅਰ ਗੌਡ ਇਜ਼ ਟੂ ਸਮਾਲ* (ਨਿਊ ਯਾਰਕ: ਮੈਕਮਿਲਨ ਕੰ., 1961)।